# ਜਿਲ੍ਹਾ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ, ਸੰਗਰੂਰ

ਵੱਲ

ਸਮੂਹ ਸਕੂਲ ਮੁੱਖੀ/ਚੇਅਰਮੈਨ/ਮੈਨੇਜਰ
ਪ੍ਰਾਈਵੇਟ ਸਕੂਲਜ਼, ਰਾਹੀਂ ਬੀ.ਪੀ.ਈ.ਓਜ਼
ਜਿਲ੍ਹਾ ਸੰਗਰੂਰ।
ਪੱਤਰ ਨੰ:- ਸਸਅ/ਆਰ.ਟੀ.ਈ./2016-17/ 2401
ਮਿਤੀ ਸੰਗਰੂਰ: 20/3/17

**ਵਿਸ਼ਾ:** **ਪ੍ਰਾਈਵੇਟ ਅਣਏਡਿਡ ਸਕੂਲਾਂ ਵਿੱਚ ਫੀਸਾਂ, ਕਿਤਾਬਾਂ, ਯੂਨੀਫਾਰਮ, ਸਟੇਸ਼ਨਰੀ ਆਦਿ ਦੀ ਵਿਕਰੀ ਨੂੰ ਨਿਯਮਿਤ ਕਰਨ ਸਬੰਧੀ।**

ਉਕਤ ਵਿਸ਼ੇ ਸਬੰਧੀ ਪੇਰੈਂਟਸ ਰਾਈਟਸ ਐਸੋਸੀਏਸ਼ਨ ਵੱਲੋਂ ਸਮੇਂ ਸਮੇਂ ਤੇ ਦਰਖਾਸਤਾਂ/ਨਿੱਜੀ ਰੂਪ ਵਿੱਚ ਪੇਸ਼ ਹੋ ਕੇ ਬੇਨਤੀ ਕੀਤੀ ਗਈ ਹੈ ਕਿ ਉਹਨਾਂ ਦੇ ਬੱਚੇ ਜ਼ੋ ਕਿ ਨਿੱਜੀ ਸਕੂਲਾਂ ਵਿੱਚ ਪੜ੍ਹਦੇ ਹਨ, ਉਹਨਾਂ ਸਕੂਲਾਂ ਵੱਲੋਂ ਬੋਰਡ ਦੇ ਨਿਯਮਾਂ ਦੇ ਵਿਰੁੱਧ ਹੋ ਕੇ ਨਜਾਇਜ ਫੀਸਾਂ/ਦਾਖਲਾ ਫੀਸਾਂ ਅਤੇ ਹੋਰ ਫੰਡ ਲਏ ਜਾਂਦੇ ਹਨ ਜਿਨ੍ਹਾਂ ਡਿਟੇਲ ਵੀ ਨਹੀਂ ਦਿੱਤੀ ਜਾਂਦੀ । ਇਸ ਤੋਂ ਇਲਾਵਾ ਮਾਪਿਆਂ ਦਾ ਕਿਤਾਬਾਂ, ਸਟੇਸ਼ਨਰੀ, ਯੂਨੀਫਾਰਮ ਆਦਿ ਦਾ ਵੀ ਕਾਫੀ ਖਰਚਾ ਕਰਵਾਇਆ ਜਾਂਦਾ ਹੈ। ਇਸ ਸਬੰਧੀ ਆਪ ਨਾਲ ਕਈ ਵਾਰ ਕੀਤੀਆਂ ਮੀਟਿੰਗਾਂ ਅਤੇ ਵਿਚਾਰ ਵਿਟਾਦਰਾਂ ਅਨੁਸਾਰ ਹੇਠ ਲਿਖੇ ਫੈਸਲੇ ਕੀਤੇ ਗਏ ਹਨ ਜਿਨ੍ਹਾਂ ਦੀ ਪਾਲਣਾ ਜਿਲ੍ਹਾ ਸੰਗਰੂਰ ਦੇ ਅਧੀਨ ਆਉਂਦੇ ਸਾਰੇ ਨਿੱਜੀ ਸਕੂਲ ਕਰਨੀ ਯਕੀਨੀ ਬਣਾਉਣਗੇ।

ਇਹ ਫੈਸਲੇ ਹੇਠ ਲਿਖੇ ਅਨੁਸਾਰ ਹਨ-

1. ਸੀ.ਬੀ.ਐਸ.ਸੀ. ਨਵੀਂ ਦਿੱਲੀ ਦੇ ਸਰਕੂਲਰ CBSE/AFF/CIRCULAR/2011 No. 2 ਮਿਤੀ 21.02.2011 ਦੇ ਪੈਰ੍ਹਾਂ ਨੰ:1 " No Capitation fee or voluntary donations for gaining admission in the school or for any other purpose should be charged of collected in the name of school" ਦੀ ਸਾਰੇ ਨਿੱਜੀ ਸਕੂਲਾਂ ਵੱਲੋਂ ਪਾਲਣਾ ਕੀਤੀ ਜਾਣੀ ਯਕੀਨੀ ਬਣਾਈ ਜਾਵੇ।
2. ਐਨੂਅਲ ਚਾਰਜ਼ਿਸ ਅਤੇ ਮਹੀਨਾਵਾਰ ਫੀਸ ਦਾ ਜੇਕਰ ਕੋਈ ਵਾਧਾ ਕਰਨਾ ਹੈ ਤਾਂ ਇਸ ਸਬੰਧੀ ਸਕੂਲ ਮੈਨੇਜਮੈਂਟ ਕਮੇਟੀ ਵਿੱਚ ਬੱਚਿਆਂ ਦੇ ਮਾਪਿਆਂ ਜਾਂ ਉਨ੍ਹਾਂ ਵੱਲੋਂ ਚੁਣੇ ਗਏ ਮੁੱਖ ਨਮਾਇੰਦਿਆਂ ਦੀ ਸਮੂਹੀਅਤ ਯਕੀਨੀ ਬਣਾਈ ਜਾਵੇ ਅਤੇ ਉਨ੍ਹਾਂ ਦੀ ਪੂਰਨ ਸਹਿਮਤੀ ਉਪਰੰਤ ਹੀ ਦਾਖਲੇ/ਫੀਸ ਸਬੰਧੀ ਕੋਈ ਕਦਮ ਚੁੱਕਿਆ ਜਾਵੇ ਅਤੇ ਇਸ ਤੋਂ ਇਲਾਵਾ ਪੰਜਾਬ ਸਰਕਾਰ ਵੱਲੋ ਵਿਧਾਨ ਸਭਾ ਵਿੱਚ ਪਾਸ ਕੀਤੇ ਬਿਲ ਅਨੁਸਾਰ ਪੰਜਾਬ ਐਕਟ ਨੰਬਰ: 47 ਆਫ਼ 2016, ਜਿਸ ਦਾ ਨੋਟੀਫਿਕੇਸ਼ਨ ਮਿਤੀ: 23.12.2016 ਨੂੰ ਜਾਰੀ ਕੀਤਾ ਗਿਆ ਸੀ, ਵਿੱਚ ਦਰਜ਼ ਹਦਾਇਤਾਂ ਦੀ ਪਾਲਣਾ ਕਰਨੀ ਵੀ ਯਕੀਨੀ ਬਣਾਈ ਜਾਵੇ ।
3. ਸਕੂਲ ਵਿੱਚ ਪੜ੍ਹਾਈ ਸਬੰਧੀ ਕਿਤਾਬਾਂ ਸਬੰਧਤ ਬੋਰਡ ਜਿਵੇਂ ਕਿ PSEB/CBSE/ICSE ਆਦਿ ਦੀਆਂ ਹੀ ਲਗਵਾਈਆਂ ਜਾਣ। ਇਸ ਤੋਂ ਇਲਾਵਾ ਨਿੱਜੀ ਪੱਧਰ ਤੇ ਅਤੇ ਨਿੱਜੀ ਲਾਭ ਲਈ ਕੋਈ ਵੀ ਕਿਤਾਬ ਨਾ ਲਗਾਈ ਜਾਵੇ। ਸੀ.ਬੀ.ਐਸ.ਈ. ਬੋਰਡ ਦੇ ਪੱਤਰ ਨੰ: CBSE/ACAD/CIR/2017/2017 Circular No. ACAD-07/2017 Dt 14-2-2017 ਅਨੁਸਾਰ ਜਮਾਤ ਪਹਿਲੀ ਤੋਂ ਬਾਰਵੀਂ ਤੱਕ ਐਨ.ਸੀ.ਈ.ਆਰ.ਟੀ. ਦੀਆਂ ਹੀ ਕਿਤਾਬਾਂ ਲਗਵਾਈਆਂ ਜਾਣ।